# ਦਫ਼ਤਰ ਨਗਰ ਨਿਗਮ ਹੁਸ਼ਿਆਰਪੁਰ
# ਪ੍ਰੈਸ ਨੋਟ

## ਨਗਰ ਨਿਗਮ ਵਲੋਂ ਸ਼ਹਿਰ ਨੂੰ ਹਰਾ ਭਰਾ ਬਣਾਉਣ ਲਈ 2000 ਪੌਦੇ ਲਗਾਏ ਜਾ ਰਹੇ ਹਨ.......ਮੇਅਰ ਸ਼ਿਵ ਸੂਦ

ਹੁਸ਼ਿਆਰਪੁਰ 17 ਜੁਲਾਈ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵਲੋਂ ਚਲਾਏ ਗਏ ਸਵੱਛ ਭਾਰਤ ਅਭਿਆਨ ਤਹਿਤ ਸ਼ਹਿਰ ਨੂੰ ਸਾਫ ਸੁਥਰਾ ਬਣਾਉਣ ਦੇ ਨਾਲ ਨਾਲ ਹਰਾ ਭਰਾ ਬਣਾਉਣ ਲਈ ਵੀ ਨਗਰ ਨਿਗਮ ਵਲੋਂ 2000 ਪੌਦੇ ਲਗਾਏ ਜਾ ਰਹੇ ਹਨ। ਇਹ ਜਾਣਕਾਰੀ ਨਗਰ ਨਿਗਮ ਦੇ ਮੇਅਰ ਸ਼ਿਵ ਸੂਦ ਨੇ ਅੱਜ ਵਾਰਡ ਨੰ: 13 ਦੇ ਰਾਮ ਸ਼ਰਨਮ ਇਨਕਲੇਵ ਵਿਖੇ ਪੌਦੇ ਲਗਾਉਣ ਦੀ ਸ਼ੁਰੂਆਤ ਕਰਨ ਮੌਕੇ ਦਿੱਤੀ। ਵਾਰਡ ਨੰ: 13 ਦੇ ਕੌਂਸਲਰ ਮੀਨੂ ਸੇਠੀ ਅਤੇ ਮੁਹੱਲਾ ਨਿਵਾਸੀਆਂ ਨੇ ਮੇਅਰ ਸ਼ਿਵ ਸੂਦ ਦਾ ਗੁਲਾਬ ਦੇ ਫੁੱਲ ਦੇ ਕੇ ਨਿੱਘਾ ਸੁਆਗਤ ਕੀਤਾ। ਮੰਡਲ ਪ੍ਰਧਾਨ ਵਿਨੋਦ ਪਰਮਾਰ, ਸੁਰੇਸ਼ ਭਾਟੀਆ ਬਿੱਟੂ, ਕੌਂਸਲਰ ਨਿਪੁੰਨ ਸ਼ਰਮਾ ਅਤੇ ਰਮੇਸ਼ ਠਾਕੁਰ ਵੀ ਇਸ ਮੌਕੇ ਤੇ ਉਹਨਾਂ ਦੇ ਨਾਲ ਸਨ। ਸ਼ਿਵ ਸੂਦ ਨੇ ਇਸ ਮੌਕੇ ਤੇ ਰਾਮ ਸ਼ਰਨਮ ਇਨਕਲੇਵ ਦੇ ਨਿਵਾਸੀਆਂ ਨਾਲ ਵੱਖ ਵੱਖ ਗਲੀਆਂ ਵਿਚ ਪੌਦੇ ਲਗਾਏ। ਉਹਨਾਂ ਕਿਹਾ ਕਿ ਸਾਰੇ ਸ਼ਹਿਰ ਵਾਸੀਆਂ ਨੂੰ ਇਕ-ਇਕ ਪੌਦਾ ਜਰੂਰ ਲਗਾਉਣਾ ਚਾਹੀਦਾ ਹੈ ਅਤੇ ਉਸ ਪੌਦੇ ਦੀ ਦੇਖਭਾਲ ਕਰਨ ਦੀ ਵੀ ਜੁੰਮੇਵਾਰੀ ਲੈਣੀ ਚਾਹੀਦੀ ਹੈ ਤਾਂ ਜ਼ੋ ਸ਼ਹਿਰ ਨੂੰ ਸਾਫ ਸੁਥਰਾ ਰੱਖਣ ਦੇ ਨਾਲ ਇਸ ਨੂੰ ਹਰਾ ਭਰਾ ਬਣਾ ਕੇ ਇਸ ਦਾ ਵਾਤਾਵਰਣ ਵੀ ਸਾਫ ਰੱਖਿਆ ਜਾ ਸਕੇ। ਉਹਨਾਂ ਨੇ ਵਾਰਡ ਨੰ: 13 ਦੇ ਰਾਮ ਸ਼ਰਨਮ ਇਨਕਲੇਵ ਵਾਸੀਆਂ ਵਲੋਂ ਆਪਣੇ ਘਰਾਂ ਦੀਆਂ ਗਲੀਆ ਵਿਚ ਪੌਦੇ ਲਗਾਉਣ ਦੀ ਪਹਿਲ ਕਰਨ ਤੇ ਉਹਨਾਂ ਦੀ ਸ਼ਲਾਘਾ ਕੀਤੀ।

ਰਾਮ ਸ਼ਰਨਮ ਇਨਕਲੇਵ ਦੇ ਵਾਸੀਆਂ ਵਿਚ ਪ੍ਰਸ਼ਾਂਤ ਸੇਠੀ, ਅਨੁਜ਼ ਕੁਮਾਰ, ਰਜੇਸ਼ ਠਾਕੁਰ, ਉਦੇ ਕੁਮਾਰ, ਸੁਰੇਸ਼ ਸੂਦ, ਅਸ਼ੀਸ਼, ਮਦਨ ਲਾਲ ਸੂਦ, ਅਸ਼ੋਕ ਕੁਮਾਰ ਲੱਖਨਪਾਲ, ਸੂਰਜ ਮੋਹਨ, ਊਮਾ ਲੱਖਨਪਾਲ, ਜਯੋਤੀ ਚਾਵਲਾ, ਚੰਚਲਾ ਦੇਵੀ, ਰਮਾ ਸੂਦ, ਪੂਜਾ ਸੂਦ, ਨੀਲਮ ਠਾਕੁਰ, ਨਰਿੰਦਰ ਕੌਰ, ਰਜਿੰਦਰ ਕੌਰ, ਸੁਮਨ ਸੂਦ, ਨੀਨਾ ਗੁਪਤਾ, ਵਿਦਿਆ ਸ਼ਰਮਾ ਨੇ ਵੀ ਇਸ ਮੌਕੇ ਤੇ ਪੌਦੇ ਲਗਾਏ ਅਤੇ ਲਗਾਏ ਗਏ ਪੌਦਿਆਂ ਦੀ ਦੇਖਭਾਲ ਕਰਨ ਦੀ ਵੀ ਜੁੰਮੇਵਾਰੀ ਸੰਭਾਲੀ।